بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.09.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਸਤੰਬਰ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਮੁਸਲਮਾਨ ਹੋਣ ਦੀ ਸੁੰਦਰਤਾ ਉਸ ਸਮੇਂ ਹੀ ਪ੍ਰਕਟ ਹੋਵੇਗੀ ਜੱਦ ਉਹ ਈਮਾਨ (ਆਸਥਾ) ਵਿੱਚ ਮਜ਼ਬੂਤ ਤੇ ਇਸਲਾਮ ਦੀ ਵਾਸਤਵਿਕਤਾ ਨੂੰ ਸਮਝਦਾ ਹੋਵੇ । ਈਮਾਨ ਇਹ ਹੈ ਕਿ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਰੱਬ ਦੇ ਸੁਪੁਰਦ ਕਰ ਦੇਵੇ ਅਤੇ ਉਸ ਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲਾ ਹੋਵੇਅਤੇ ਇਸਲਾਮ ਇਹ ਹੈ ਕਿ ਰੱਬ ਦੇ ਆਦੇਸ਼ਾਂ ਉਪੱਰ ਨਜ਼ਰ ਰੱਖਦਿਆਂ ਹੋਇਆਂ ਆਪਣੇ ਆਪ ਨੂੰ ਵੀ ਹਰ ਬੁਰਾਈ ਤੋਂ ਬਚਾਈ ਰੱਖੇ ਅਤੇ ਦੂਜਿਆਂ ਲਈ ਵੀ ਸਲਾਮਤੀ ਦਾ ਸਾਧਨ ਬਣੇ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਕ ਮਨੁੱਖ ਜੋ ਮੁਸਲਮਾਨ ਹੋਣ ਦਾ ਦਾਵਾ ਕਰਦਾ ਹੈ, ਉਸ ਦੇ ਮੁਸਲਮਾਨ ਹੋਣ ਦੀ ਸੁੰਦਰ ਦਿੱਖ ਫਿਰ ਹੀ ਪ੍ਰਕਟ ਹੋਵੇਗੀ ਜਦੱ ਉਹ ਈਮਾਨ ਵਿੱਚ ਮਜ਼ਬੂਤ ਹੋਵੇ ਅਤੇ ਇਸਲਾਮ ਦੀ ਵਾਸਤਵਿਕਤਾ ਨੂੰ ਸਮਝਦਾ ਹੋਵੇ । ਈਮਾਨ ਇਹ ਹੈ ਕਿ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਰੱਬ ਦੇ ਸੁਪੁਰਦ ਕਰ ਦੇਵੇ ਅਤੇ ਉਸ ਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲਾ ਹੋਵੇ ਅਤੇ ਇਸਲਾਮ ਇਹ ਹੈ ਕਿ ਰੱਬ ਦੇ ਆਦੇਸ਼ਾਂ ਉਪੱਰ ਨਜ਼ਰ ਰੱਖਦਿਆਂ ਹੋਇਆਂ ਆਪਣੇ ਆਪ ਨੂੰ ਹਰ ਬੁਰਾਈ ਤੋਂ ਬਚਾਈ ਰੱਖੇ ਅਤੇ ਦੂਜਿਆਂ ਲਈ ਵੀ ਸਲਾਮਤੀ ਦਾ ਸਾਧਨ ਬਣੇ । ਸੋ, ਇਹ ਸਾਰ ਹੈ ਈਮਾਨ ਤੇ ਇਸਲਾਮ ਦਾ । ਜੇਕਰ ਮੁਸਲਿਮ ਦੁਨੀਆ ਇਸ ਗੱਲ ਨੂੰ ਸਮਝ ਲਏ ਤਾਂ ਦੁਨੀਆ ਵਿੱਚ ਮਿਆਰੀ ਅਮਨ ਅਤੇ ਸਲਾਮਤੀ ਸਥਾਪਤ ਕਰਨ ਅਤੇ ਪਸਾਰਣ ਦੇ ਅਜਿਹੇ ਨਜ਼ਾਰੇ ਨਜ਼ਰ ਆਉਣ ਜੋ ਸੰਸਾਰ ਨੂੰ ਸਵਰਗ ਬਣਾ ਦੇਣ ।

ਇਸ ਜੁੱਗ ਵਿੱਚ ਇਸ ਵਾਸਤਵਿਕ ਆਸਥਾ ਨੂੰ ਮਨਾਂ ਵਿੱਚ ਸਥਾਪਨ ਕਰਨ ਅਤੇ ਵਾਸਤਵਿਕ ਇਸਲਾਮ ਦੇ ਨਮੂਨੇ ਦਿਖਾਉਣ ਲਈ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਅਤੇ ਆਪ ਵੱਲ ਮੜ੍ਹੇ ਜਾਣ ਦੇ ਬਾਦ ਇਹੋ ਸਾਡੀ ਜਿੰਮੇਦਾਰੀ ਹੈ ਕਿ ਵਾਸਤਵਿਕ ਈਮਾਨ ਸਥਾਪਕਤ ਕਰਦਿਆਂ ਹੋਇਆਂ ਅਤੇ ਇਸਲਾਮ ਦਾ ਢੁਕੱਵਾਂ ਨਮੂਨਾ ਬਣਦਿਆਂ ਹੋਇਆਂ ਇਸ ਕੰਮ ਵਿੱਚ ਆਪ ਜੀ ਦੇ ਸਹਾਈ ਬਣੀਏ । ਦੁਨੀਆ ਨੂੰ ਈਮਾਨ ਦੀ ਹਕੀਕਤ ਦੱਸੀਏ । ਅਤੇ ਸਲਾਮਤੀ ਫੈਲਾਉਣ ਵਾਲੇ ਬਣੀਏ । ਰੱਬ ਦੀ ਅਪਾਰ ਮਿਹਰ ਨਾਲ ਜਮਾਤ ਅਹਮਦੀਆ ਆਪਣੀ ਵਿਵਸਥਾ ਰਾਹੀਂ ਦੁਨੀਆ ਵਿੱਚ ਹਰ ਥਾਂ ਇਹ ਕੰਮ ਤਾਂ ਕਰ ਰਹੀ ਹੈ । ਪਰ ਹਰ ਅਹਮਦੀ ਦਾ ਕਰਤਵ ਬਣਦਾ ਹੈ ਕਿ ਉਹ ਆਪਣੇ ਆਪ ਨੂੰ ਇਸਲਾਮੀ ਸਿੱਖਿਆ ਨਾ ਨਮੂਨਾ ਬਣਾਏ ਤਾਂ ਜੋ ਸਾਡੇ ਵਿੱਚੋਂ ਹਰ ਇਕ ਆਪਣਾ ਕਰਤਵ ਨਿਭਾਉਣ ਵਾਲਾ ਬਣੇ । ਅੱਜ ਕੱਲ ਬਦਕਿਸਮਤੀ ਨਾਲ ਮੁਸਲਮਾਨ ਦੁਨੀਆ ਵਿੱਚ ਜੋ ਆਤੰਕ ਫੈਲਿਆ ਹੋਇਆ ਹੈ ਉਸ ਨੇ ਇਸਲਾਮ ਨੂੰ ਬਦਨਾਮ ਕੀਤਾ ਹੋਇਆ ਹੈ । ਕਾਸ਼, ਮੁਸਲਮਾਨ ਦੇਸ਼ ਇਸ ਗੱਲ ਨੂੰ ਸਮਝਣ ਕਿ ਉਹਨਾ ਦੇ ਵਿਅਕਤੀਗੱਤ ਲਾਭ ਨੇ ਇਸਲਾਮ ਨੂੰ ਕਿੰਨ੍ਹਾ ਢਾਹਾ ਲਾਇਆ ਹੈ ਅਤੇ ਕਟੱੜਵਾਦੀ ਤੰਜ਼ੀਮਾ ਅਤੇ ਧੜੇ ਵੀ ਇਸੇ ਕਰਕੇ ਉਭਰੇ ਹਨ ਕਿ ਹਰ ਪਧੱਰ'ਤੇ ਸਵਾਰਥ ਜ਼ੋਰ ਫੜ੍ਹ ਰਿਹਾ ਹੈ । ਦੇਸ਼ਾਂ ਦੀ ਸ਼ਾਂਤੀ ਭੰਗ ਹੋ ਰਹੀ ਹੈ । ਨ ਆਪ ਅਮਨ

ਵਿੱਚ ਹਨ ਅਤੇ ਨ ਹੀ ਦੂਜਿਆਂ ਨੂੰ ਸਲਾਮਤੀ ਪਹੁੰਚਾ ਰਹੇ ਹਨ । ਨ ਸਰਕਾਰ ਲੋਕਾਂ ਨਾਲ ਨਿਆ ਕਰ ਰਹੀ ਹੈ ਨ ਹੀ ਲੋਕ ਸਰਕਾਰ ਦੇ ਅਧਿਕਾਰ ਪੂਰੇ ਕਰ ਰਹੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਇਹਨਾਂ ਦੋਹਾਂ ਉਣਤਾਈਆਂ ਦਾ ਵਰਨਣ ਕਰਦਿਆਂ ਹੋਇਆਂ ਫਰਮਾਇਆ ਕਿ ਜੱਦ ਇਹ ਦੋਵੇ ਪੱਖ (ਅਰਥਾਤ ਸਰਕਾਰ ਦੇ ਕਰਤਵ ਅਤੇ ਪ੍ਰਜਾ ਦੇ ਕਰਤਵ) ਸੰਤੁਲਨ ਨਾਲ ਚਲਦੇ ਹਨ, ਉਸ ਸਮੇਂ ਤੱਕ ਦੇਸ਼ ਵਿੱਚ ਅਮਨ ਰਹਿੰਦਾ ਹੈ ਅਤੇ ਜੱਦ ਕੋਈ ਅਸੰਤੁਲਨ ਪ੍ਰਜਾ ਵੱਲੋਂ ਜਾਂ ਬਾਦਸ਼ਾਹੀ (ਸਰਕਾਰ) ਵੱਲੋਂ ਹੁੰਦਾ ਹੈ ਤਾਂ ਫਿਰ ਹੀ ਦੇਸ਼ ਵਿੱਚੋਂ ਅਮਨ ਉਠੱ ਜਾਂਦਾ ਹੈ ।

ਬਦਕਿਸਮਤੀ ਨਾਲ ਇਹੋ ਕੁਝ ਅੱਜਕਲ ਅਸੀਂ ਮੁਸਲਮਾਨ ਦੇਸ਼ਾਂ ਵਿੱਚ ਦੇਖ ਰਹੇ ਹਾਂ ਅਤੇ ਫਿਰ ਇਸਲਾਮ ਦੁਸ਼ਮਣ ਸ਼ਕਤੀਆਂ ਵੀ ਇਸ ਤੋਂ ਆਪਣੇ ਸਵਾਰਥ ਕੱਢ ਰਹੀਆਂ ਹਨ । ਇਕ ਪਾਸੇ ਤਾਂ ਦੋਹਾਂ ਦੇ ਝੱਗੜੇ ਵਧਾਉਣ ਵਿੱਚ ਸਹਾਇਤਾ ਕੀਤੀ ਜਾਂਦੀ ਹੈ ਤੇ ਦੂਜੇ ਪਾਸੇ ਕਟੱੜਵਾਦੀ ਧੜਿਆਂ ਦੀ ਕਾਰਵਾਈ ਨੂੰ ਪ੍ਰਸਿੱਧੀ ਦੇਕੇ ਪ੍ਰੈਸ ਮੀਡੀਆਂ ਵਿੱਚ ਵੱਧ ਤੋਂ ਵੱਧ ਕਵਰੇਜ ਦਿੰਦਾ ਹੈ ਅਤੇ ਇਹ ਕਵਰੇਜ ਦੇਕੇ ਇਸਲਾਮ ਨੂੰ ਬਦਨਾਮ ਕੀਤਾ ਜਾਂਦਾ ਹੈ । ਮੈਂ ਕਈ ਇੰਟਰਵੀਊਜ਼ ਵਿੱਚ ਜੋ ਮੀਡਿਆ ਨੂੰ ਦਿੱਤੇ ਹਨ ਉਹਨਾਂ ਵਿੱਚ ਇਕ ਇਹ ਗੱਲ ਵੀ ਕਹੀ ਸੀ ਕਿ ਇਸਲਾਮ ਦੇ ਵਿਰੁਧ ਘ੍ਰਿਣਾ ਫੈਲਾਉਣ ਅਤੇ ਉਸ ਨੂੰ ਸ਼ਿਦੱਤ ਪਸੰਦ ਤੇ ਦਹਿਸ਼ਤ ਪਸੰਦ ਧਰਮ ਵੱਜੋਂ ਪੇਸ਼ ਕਰਨ ਵਿੱਚ ਤੁਸੀਂ ਜੋ ਮੀਡੀਆ ਵਾਲੇ ਹੋ ਤੁਹਾਡਾ ਵੀ ਹੱਥ ਹੈ । ਮੀਡੀਆ ਨਿਆਏ ਨਾਲ ਕੰਮ ਨਹੀਂ ਲੈਂਦਾ । ਕਿਸੇ ਧੜੇ ਦੇ ਜਾਂ ਕਿਸੇ ਦੇਸ਼ ਦੇ ਬਾਦਸ਼ਾਹੀ ਦੇ ਜੋ ਆਪਣੇ ਆਪ ਨੂੰ ਮੁਸਲਮਾਨ ਕਹਿੰਦੇ ਹਨ ਰਾਜਨੀਤਿਕ ਕੂਟਨੀਤੀਆਂ ਨੂੰ ਤੁਸੀਂ ਧਰਮ ਦਾ ਨਾਂ ਦੇਕੇ ਫਿਰ ਇਸਲਾਮ ਦੀ ਸਿੱਖਿਆ ਨੂੰ ਬਦਨਾਮ ਕਰਦੇ ਹੋ ਅਤੇ ਇਸ ਨੂੰ ਐਨ੍ਹੀ ਪ੍ਰਸਿੱਧੀ ਦਿੰਦੇ ਹੋ ਕਿ ਤੁਸੀਂ ਦੁਨੀਆ ਵਿੱਚ ਰਹਿਣ ਵਾਲੇ ਲੋਕਾਂ ਦੀ ਇਸਲਾਮ ਪ੍ਰਤੀ ਸੋਚਾਂ ਹੀ ਬਦਲ ਦਿੱਤੀਆਂ ਹਨ ਜੋ ਇਸਲਾਮ ਨੂੰ ਜਾਣਦੇ ਨਹੀਂ ਉਹਨਾਂ ਦੀਆਂ ਸੋਚਾਂ ਵਿੱਚ ਇਸਲਾਮ ਦੀ ਅਜਿਹੀ ਕਲਪਨਾ ਪੈਦਾ ਕਰ ਦਿੱਤੀ ਹੈ, ਅਤੇ ਅਜਿਹਾ ਹਊਆ ਖੜਾ ਕਰ ਦਿਤੱਾ ਹੈ ਕਿ ਉਹਨਾਂ ਦੇ ਮੁੱਖੜੇ ਇਸਲਾਮ ਦਾ ਨਾਂ ਸੁਣਕੇ ਹੀ ਚਿੰਤਿਤ ਹੋ ਜਾਂਦੇ ਹਨ ਅਤੇ ਜਿੱਥੇ ਤੁਹਾਡੇ ਸਵਾਰਥ ਹੋਣ ਓਥੇ ਖ਼ਬਰਾਂ ਦੱਬ ਵੀ ਦਿੰਦੇ ਹੋ । ਹਜ਼ਾਰਾਂ ਲੱਖਾਂ ਮੁਸਲਮਾਨ ਜੋ ਅਮਨ ਦੀਆਂ ਗੱਲਾਂ ਕਰਦੇ ਹਨ ਉਹਨਾਂ ਦਾ ਵਰਨਣ ਮੀਡੀਆ ਨਹੀਂ ਕਰਦਾ ਜਾਂ ਉਹਨਾਂ ਨੂੰ ਉਹ ਥਾਂ ਨਹੀਂ ਮਿਲਦੀ ਜੋ ਵਿਪਰੀਤ ਰੂਪ ਦਿਖਾਉਣ ਵਾਲਿਆਂ ਨੂੰ ਮਿਲਦੀ ਹੈ ਅਤੇ ਸਭ ਤੋਂ ਵੱਧ ਕੇ ਤਾਂ ਜਮਾਤ ਅਹਮਦੀਆ ਹੈ ਜੋ ਪ੍ਰੇਮ, ਮੁਹਬੱਤ ਤੇ ਸਨੇਹ ਦੀ ਇਸਲਾਮੀ ਸਿੱਖਿਆ ਫੈਲਾਉਂਦੀ ਹੈ ਅਤੇ ਸਾਰੀ ਦੁਨੀਆ ਵਿੱਚ ਇਕ ਲਗਨ ਨਾਲ ਇਸ ਕੰਮ ਵਿੱਚ ਲੱਗੀ ਹੋਈ ਹੈ ਜਿਸ ਦੇ ਸਿੱਟੇ ਵਿੱਚ ਅਮਨ ਦੇ ਝੰਡੇ ਹੇਠ ਅਮਨ ਫੈਲਾਉਣ ਵਾਲੇ ਅਤੇ ਸਲਾਮਤੀ ਬਿਖੇਰਣ ਵਾਲੇ ਲੱਖਾਂ ਹੀ ਲੋਕ ਹਰ ਸਾਲ ਜਮਾਤ ਵਿੱਚ ਸ਼ਾਮਲ ਹੁੰਦੇ ਹਨ, ਉਹਨਾਂ ਬਾਰੇ ਤੁਹਾਨੂੰ ਦੱਸੀਏ ਵੀ ਤਾਂ ਤੁਸੀਂ ਉਕੱਾ ਹੀ ਧਿਆਨ ਨਹੀਂ ਦਿੰਦੇ । ਇਸ ਕਰਕੇ ਮੈਂ ਇਸ ਸਮੇਂ ਅਜਿਹੇ ਹੀ ਕੁਝ ਲੋਕਾਂ ਦੀਆਂ ਚੋਣਵੀਆਂ ਉਧਾਰਣਾ ਪੇਸ਼ ਕਰਦਾ ਹਾਂ, ਜਿੰਨ੍ਹਾ ਨੇ ਜਮਾਤ ਅਹਮਦੀਆ ਰਾਹੀਂ ਇਸਲਾਮ ਦਾ ਵਾਸਤਵਿਕ ਮੁਖੜਾ ਦੇਖਿਆ ਅਤੇ ਉਹਨਾਂ ਦੇ ਮਨ ਉਪੱਰ ਪ੍ਰਭਾਵ ਪਿਆ । ਇਹਨਾਂ ਵਿੱਚ ਗ਼ੈਰ ਮੁਸਲਿਮ ਵੀ ਸ਼ਾਮਲ ਹਨ ਅਤੇ ਫਿਰ ਅਨੇਕਾਂ ਹੀ ਅਜਿਹੇ ਹਨ ਜਿੰਨ੍ਹਾ ਨੇ ਇਸਲਾਮ ਦਾ ਸੁੰਦਰ ਚਿਤੱਰ ਦੇਖ ਕੇ ਇਸਲਾਮ ਪ੍ਰਵਾਨ ਕੀਤਾ ਅਤੇ ਇਹ ਵੀ ਪ੍ਰਕਟ ਕੀਤਾ ਕਿ ਇਸਲਾਮ ਦੀ ਇਸ ਸੁੰਦਰ ਸਿੱਖਿਆ ਦੀ ਦੁਨੀਆ ਨੂੰ ਲੋੜ ਹੈ । ਮੀਡੀਆ ਨੇ ਇਸਲਾਮ ਬਾਰੇ ਵਿਪਰੀਤ ਪ੍ਰਭਾਵ ਦੇਕੇ ਸਾਡੀ ਸੋਚ ਉਪੱਰ ਤਾਲੇ ਲਾ ਦਿੱਤੇ ਸਨ, ਜਮਾਤ ਅਹਮਦੀਆ ਨੇ ਸਾਡੀਆਂ ਇਹਨਾਂ ਗ਼ਲਤ ਸੋਚਾਂ ਨੂੰ ਦੂਰ ਕੀਤਾ । ਚਰੀ ਬੈਨਨ ਦੇ ਅਪਾਸਟਲਿਕ ਚਰਚ ਦੇ ਪਾਦਰੀ ਨੇ ਓਥੇ ਮਸਜਿਦ ਦੇ ਉਧਘਾਟਨ ਸਮੇਂ ਪ੍ਰਤੱਖ ਰੂਪ ਵਿੱਚ ਇਸ ਗੱਲ ਦਾ ਪ੍ਰਕਟਨ ਕੀਤਾ ਕਿ ਅੱਜ ਦਾ ਦਿਨ ਮੇਰੇ ਜੀਵਨ ਦਾ ਨਿਰਾਲਾ ਦਿਨ ਹੈ ਅੱਜ ਮੁਸਲਮਾਨ ਅਤੇ ਮਸੀਹੀ ਇਕ ਥਾਂ ਬੈਠੇ ਹਨ । ਕੋਈ ਸੰਦੇਹ ਨਹੀਂ ਕਿ ਜਮਾਤ ਅਹਮਦੀਆ ਨੇ ਅਸੀਂ ਸਾਰਿਆਂ ਨੂੰ ਇਕੱਤਰ ਕੀਤਾ ਹੈ, ਮੈਂ ਅਹਮਦੀਅਤ ਨੂੰ ਸਲਾਮ ਪੇਸ਼ ਕਰਦਾ ਹਾਂ ।

ਫਿ ਨਿਆਏ ਪਸੰਦ ਰਾਜਨੀਤੀਵਾਨ ਜੋ ਹਨ ਉਹਨਾ'ਤੇ ਵੀ ਜਮਾਤ ਦੇ ਕਾਰਜਾਂ ਦਾ ਬਹੁਤ ਪ੍ਰਭਾਵ ਹੈ । ਏਥੇ ਜਲਸੇ ਦੇ ਦਿਨਾਂ ਵਿੱਚ ਵੀ ਆਪ ਦੇ ਸਾਹਮਣੇ ਕਈਆਂ ਨੇ ਪ੍ਰਕਟ ਕੀਤਾ ਹੋਵੇਗਾ । ਦੁਨੀਆ ਵਿੱਚ ਹੁਣ ਹਰ ਥਾਂ ਰੱਬ ਦੀ ਮਿਹਰ ਨਾਲ ਜਮਾਤ ਅਹਮਦੀਆ ਜੋ ਇਸਲਾਮੀ ਸਿੱਖਿਆ ਪੇਸ਼ ਕਰਦੀ ਹੈ ਅਤੇ ਜੋ ਕੰਮ ਕਰ ਰਹੀ ਹੈ, ਜੋ ਕਰਮ ਰੂਪੀ ਚਿਤੱਰ ਹੈ ਉਸਨੂੰ ਦੁਨੀਆ ਵਿੱਚ ਸਰਾਹਿਆ ਜਾਂਦਾ ਹੈ । ਜਮਾਤ ਦੀਆਂ ਸੇਵਾਵਾਂ ਨੂੰ ਲੋਕ ਪਸੰਦ ਕਰਦੇ ਹਨ ਅਤੇ ਪ੍ਰਕਟ ਵੀ ਕਰਦੇ ਹਨ ਕਿ ਕਿੰਨ੍ਹੀ

ਸੋਹਣੀ ਸਿੱਖਿਆ ਹੈ । ਬੈਨਨ ਦੇ ਮਨਿਸਟਰ ਆਫ਼ ਟ੍ਰਾਂਸਪੋਰਟ ਕਹਿੰਦੇ ਹਨ ਕਿ ਅਹਮਦੀਅਤ ਦੀਆਂ ਮਨੁੱਖੀ ਸੇਵਾਵਾਂ ਜੋ ਬੈਨਨ ਵਿੱਚ ਹਨ ਅਤੇ ਜੋ ਅਮਨ ਤੇ ਪ੍ਰੇਮ ਦੇ ਜਤਨ ਜਮਾਤ ਅਹਮਦੀਆ ਨੇ ਕੀਤੇ ਹਨ ਉਹ ਦੇਸ਼ ਬੈਨਨ ਵਿੱਚ ਪਹਿਲੇ ਨੰਬਰ'ਤੇ ਹੈ । ਮੈਂ ਅਮਨ ਤੇ ਪ੍ਰੇਮ ਦੇ ਜਤਨਾਂ ਵਿੱਚ ਅਹਮਦੀਆ ਜਮਾਤ ਦੀਆਂ ਸੇਵਾਵਾਂ ਨੂੰ ਸਲਾਮ ਕਰਦਾ ਹਾਂ ।

ਕਬਾਬੀਰ ਦੇ ਮਿਸ਼ਨਰੀ ਲਿਖਦੇ ਹਨ ਕਿ ਕੁਝ ਦਿਨ ਪਹਿਲਾਂ ਸਾਡੀ ਮਸਜਿਦ ਦੇ ਸਾਹਮਣੇ ਇਕ ਯਹੂਦੀ ਟੀਚਰ ਆਪਣੇ ਸਕੂਲ ਦੇ ਬੱਚਿਆਂ ਨੂੰ ਲੈਕੇ ਜਮਾਤ ਦਾ ਪਰੀਚੈ ਕਰਾ ਰਹੇ ਸਨ । ਉਹ ਟੀਚਰ ਸ਼ਾਇਦ ਅਰਬੀ ਵੀ ਜਾਣਦੇ ਸਨ । ਸਾਡੀ ਮਸਜਿਦ ਦੇ ਦਰਵਾਜੇ ਉਪੱਰ ਲਿੱਖਿਆ ਹੋਇਆ ਹੈ ਕਿ ''ਵਮਨ ਦਾਖ਼ਾਲਹੂ ਕਾਨਾ ਆਮਿਨਾ'' ( وَمَنْ دَخَلَهٗ كَانَ اٰمِنًا) । ਉਹ ਟੀਚਰ ਇਹਨਾਂ ਸ਼ਬਦਾਂ ਦੇ ਸ਼ਾਬਦਕ ਅਰਥ ਕਰਕੇ ਬੱਚਿਆਂ ਨੂੰ ਸਮਝਾ ਰਹੇ ਸਨ ਕਿ ਇਸ ਵਾਕ ਦਾ ਅਰਥ ਹੈ ਕਿ ਜੋ ਇਸ ਵਿੱਚ ਦਾਖ਼ਲ ਹੋਵੇਗਾ ਅਮਨ ਵਿੱਚ ਰਹੇਗਾ । ਕਹਿਣ ਲੱਗੇ ਕਿ ਇਸ ਵਾਕ ਦਾ ਵਾਸਤਵਿਕ ਨਮੂਨਾ ਕੇਵਲ ਅਹਮਦੀਆਂ ਦੀ ਮਸਜਿਦ ਵਿੱਚ ਹੀ ਦੇਖਣ ਨੂੰ ਮਿਲਗਾ ।

ਫਿਰ ਰੱਬ ਕਿਵੇਂ ਲੋਕਾਂ ਦਾ ਧਿਆਨ ਇਸ ਵੱਲ ਫੇਰਦਾ ਹੈ । ਬੈਨਨ ਵਿੱਚ ਮੋਯੋ ਨਾਂ ਦੀ ਇਕ ਥਾਂ ਹੈ ਜਿੱਥੇ ਸਾਰੇ ਮੁਸ਼ਰਿਕ (ਅਨੇਕ ਈਸ਼ਵਰਵਾਦੀ) ਵਸਦੇ ਹਨ । ਸਾਡੇ ਮਿਸ਼ਨਰੀ ਓਥੇ ਪ੍ਰਚਾਰ ਲਈ ਗਏ । ਜਮਾਤ ਦਾ ਪਰੀਚੈ ਕਰਾਉਣ ਦੇ ਬਾਦ ਉਹਨਾਂ ਨੇ ਕਿਹਾ ਕਿ ਜੇਕਰ ਕਿਸੇ ਦੇ ਮਨ ਵਿੱਚ ਕੋਈ ਪ੍ਰਸ਼ਨ ਹੋਵੇ ਤਾਂ ਕਰੇ । ਇਸ'ਤੇ ਇਕ ਵਡੇਰੀ ਉਮਰ ਦੇ ਵਿਅਕਤੀ ਕਹਿਣ ਲੱਗੇ ਕਿ ਜੱਦ ਮੈਂ ਆਪ ਦਾ ਭਾਸ਼ਣ ਸੁਣਿਆਂ ਤਾਂ ਮੇਰੇ ਇਸਲਾਮ ਬਾਰੇ ਸਾਰੇ ਸ਼ੰਕੇ ਦੂਰ ਹੋ ਗਏ ਅਤੇ ਮੈਂ ਪਹਿਲਾਂ ਮਨੁੱਖ ਹਾਂ ਜੋ ਇਸਲਾਮ ਕਬੂਲ ਕਰਦਾ ਹਾਂ ਇਹਨਾਂ ਮੁਸ਼ਰਿਕਾਂ ਵਿੱਚੋਂ । ਫਿਰ ਇਸ ਦੇ ਬਾਦ ਇਸ ਪਿੰਡ ਵਿੱਚੋਂ ਚਾਲ੍ਹੀ ਲੋਕ ਇਸਲਾਮ ਅਹਮਦੀਅਤ ਵਿੱਚ ਦਾਖ਼ਲ ਹੋਏ ਅਤੇ ਇੱਥੇ ਇਕ ਨਵੀਂ ਜਤਾਮ ਸਥਾਪਤ ਹੋ ਗਈ । ਤੱਤਕਾਲ ਪਰਿਵਰਤਨ ਜੋ ਉਹਨਾਂ ਵਿੱਚ ਹੋਇਆ ਕਿ ਰੀਤੀਆਂ ਰਿਵਾਜਾਂ ਨੂੰ ਉਹਨਾਂ ਨੇ ਛੱਡ ਦਿੱਤਾ । ਫਿਰ ਇਕ ਦਿਨ ਕਹਿਣ ਲੱਗੇ ਕਿ ਅਹਮਦੀ ਹੋਣ ਦੇ ਬਾਦ ਮੇਰੇ ਵਿੱਚ ਨਵੀਂ ਆਤਮਾ ਆ ਗਈ ਹੈ । ਮੈਂ ਜਿੱਥੇ ਵੀ ਹੋਵਾਂ ਮੇਰੀ ਆਤਮਾਂ ਮੇਰੇ ਜ਼ਮੀਰ ਨੂੰ ਜਾਗਰੂਕ ਕਰਦੀ ਹੈ ਅਤੇ ਕਹਿੰਦੀ ਹੈ ਕਿ ਨਮਾਜ਼ ਦਾ ਸਮਾਂ ਹੋ ਗਿਆ ਹੈ, ਇੰਝ ਇਹ ਪਾਬੰਦੀ ਉਹਨਾਂ ਲੋਕਾਂ ਵਿੱਚ ਨਮਾਜ਼ ਲਈ ਵੀ ਪੈਦਾ ਹੋ ਗਈ ਹੈ ਅਤੇ ਕਹਿੰਦੇ ਹਨ ਕਿ ਇਸ ਪ੍ਰਕਾਰ ਮੇਰੀ ਆਤਮਾ ਨੂੰ ਸਾਂਤੀ ਤੇ ਸ਼ਰੀਰ ਨੂੰ ਅਰਾਮ ਮਿਲਦਾ ਹੈ । ਸੋ, ਸਾਡੇ ਵਿੱਚੋਂ ਜੋ ਨਮਾਜ਼ ਵਿੱਚ ਢਿੱਲੇ ਹਨ ਉਹਨਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਨਵੇਂ ਆਉਣ ਵਾਲੇ ਇਬਾਦਤ ਵੱਲ ਵੀ ਬਹੁਤਾ ਧਿਆਨ ਰੱਖਣ ਵਾਲੇ ਅਤੇ ਬਹੁਤ ਧਿਆਨ ਨਾਲ ਨਮਾਜ਼ ਪੜ੍ਹਦੇ ਹਨ ।

ਅੱਜ ਇਸਲਾਮ ਦੀ ਵਾਸਤਵਿਕ ਸਿੱਖਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਹੀ ਦੁਨੀਆ ਨੂੰ ਪਹੁੰਚ ਸਕਦੀ ਹੈ । ਕਿਵੇਂ ਰੱਬ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੰਦੇਸ਼ ਨੂੰ ਦੁਨੀਆ ਵਿੱਚ ਪਹੁੰਚਾ ਰਿਹਾ ਹੈ ਅਤੇ ਕਿਵੇਂ ਲੋਕਾਂ ਉਪੱਰ ਪ੍ਰਭਾਵ ਹੁੰਦਾ ਹੈ । ਇਕ ਘਟਨਾ ਵਰਨਣ ਕਰਦਾ ਹਾਂ ਗਿਨੀ ਕਨਾਕਰੀ ਦੀ ਗੱਲ ਹੈ ਓਥੇ ਮੌਜੂਦ ਸਾਡੇ ਇਕ ਅਹਮਦੀ ਸਜੱਣ ਅਬੂਬਕਰ ਸਾਹਬ ਨੇ ਪ੍ਰਚਾਰਕ ਬੈਠਕਾਂ ਦਾ ਪ੍ਰਬੰਧ ਕੀਤਾ, ਕਹਿੰਦੇ ਹਨ, ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੱਚਾਇਆ । ਅਜੇ ਪ੍ਰਚਾਰ ਦੀ ਲੜੀ ਜਾਰੀ ਸੀ ਕਿ ਓਥੇ ਇਕ ਮੌਲਵੀ ਸ਼ਰ (ਬੁਰਾਈ) ਫੈਲਾਉਣ ਲਈ ਪਹੁੰਚ ਗਿਆ । ਕੁਝ ਦੇਰ ਤਾਂ ਖ਼ਮੋਸ਼ੀ ਨਾਲ ਗੱਲਾਂ ਸੁਣਦਾ ਰਿਹਾ ਇਸ ਦੇ ਬਾਦ ਬਹੁਤ ਗੁੱਸੇ ਨਾਲ ਬੋਲਿਆਂ ਕਿ ਤੁਹਾਨੂੰ ਏਥੇ ਪ੍ਰਚਾਰ ਦੀ ਆਗਿਆ ਨਹੀਂ ਹੈ ਅਜੇ ਮੈਂ ਤੁਹਾਨੂੰ ਪੁਲਿਸ ਰਾਹੀਂ ਹੁਣੇ ਹੀ ਏਥੇ ਬੰਦ ਕਰਵਾਉਂਦਾ ਹਾਂ । ਓਥੇ ਦੇ ਨੌਜੁਆਨ ਖੜੇ ਹੋ ਗਏ ਅਤੇ ਉਸ ਮੌਲਵੀ ਨੂੰ ਬਹੁਤ ਕ੍ਰੋਧ ਨਾਲ ਕਿਹਾ ਕਿ ਤੁਸੀਂ ਹੁਣ ਤੱਕ ਸਾਨੂੰ ਗੁਮਰਾਹ ਕਰਦੇ ਆਏ ਹੋ ਇਸ ਲਈ ਝੱਟ ਏਥੋਂ ਚਲੇ ਜਾਓ । ਸੋ, ਉਹ ਮੌਲਵੀ ਬਹੁਤ ਸ਼ਰਮਿੰਦਿਆਂ ਹੋਕੇ ਓਥੋਂ ਚਲਾ ਗਿਆ । ਅਤੇ ਇਸ ਦਾ ਸਿੱਟਾ ਇਹ ਹੋਇਆ ਕਿ ਓਥੇ ਜੋ ਸਭਾ ਲੱਗੀ ਸੀ ਪੰਦਰਾ ਵਿਅਕਤੀ ਜਮਾਤ ਵਿੱਚ ਸ਼ਾਮਲ ਹੋ ਗਏ ।

ਫਿਰ ਗਿੱਨੀ ਕਨਾਕਰੀ ਦੀ ਹੀ ਇਕ ਹੋਰ ਗੱਲ ਹੈ ਜੱਦ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਦਾ ਉਦੇਸ਼ ਵਰਨਣ ਕੀਤਾ ਅਤੇ ਆਪ ਦੇ ਆਉਣ ਬਾਰੇ ਦੱਸਿਆ ਅਤੇ ਇਹ ਵੀ ਦੱਸਿਆ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ

ਅਲੈਹਿ ਵਸਲਅਮ ਨੇ ਭਵਿੱਖਬਾਣੀ ਕੀਤੀ ਸੀ ਕਿ ਅੰਤਮ ਜੁੱਗ ਵਿੱਚ ਇਹ ਨਿਸ਼ਾਨੀਆਂ ਹੋਣਗੀਆਂ ਅਤੇ ਇਸ ਵਿੱਚ ਮਸੀਹ ਮੌਊਦ ਪ੍ਰਗਟ ਹੋਣਗੇ ਤਾਂ ਇਸ ਗ਼ੈਰ ਮਮੂਲੀ ਗੱਲ ਦਾ ਬਹੁਤ ਪ੍ਰਭਾਵ ਹੋਇਆ ਲੋਕਾਂ'ਤੇ । ਸਥਾਨਕ ਲੋਕਲ ਮਿਸ਼ਨਰੀ ਨੇ ਪ੍ਰਚਾਰ ਅਰੰਭ ਰੱਖਿਆ ਅਤੇ ਕਹਿੰਦੇ ਹਨ ਕਿ ਰੱਬ ਦੀ ਮਿਹਰ ਨਾਲ ਇਕ ਹਫ਼ਤੇ ਵਿੱਚ ਨ ਕੇਵਲ ਉਹ ਪਿੰਡ ਆਪਣੇ ਇਮਾਮ ਤੇ ਮਸਜਿਦ ਸਣੇ ਅਮਹਦੀਆ ਜਮਾਤ ਵਿੱਚ ਦਾਖ਼ਲ ਹੋ ਗਿਆ ਸਗੋਂ ਨੇੜੇ ਦੇ ਚਾਰ ਪੰਜ ਪਿੰਡ ਵੀ ਬੈਅਤ ਕਰਕੇ ਅਹਮਦੀਅਤ ਅਰਥਾਤ ਵਾਸਤਵਿਕ ਇਸਲਾਮ ਵਿੱਚ ਦਾਖ਼ਲ ਹੋ ਚੁਕੇ ਹਨ ਅਤੇ ਹੋਰ ਵਧੇਰੇ ਰਾਬਤੇ ਬਣ ਰਹੇ ਹਨ ਅਤੇ ਨਿਰੰਤਰ ਸੰਦੇਸ਼ ਮਿਲ ਰਹੇ ਹਨ ਕਿ ਲੋਕ ਬੇਚੈਨੀ ਨਾਲ ਵਾਸਤਵਿਕ ਇਸਲਾਮ ਵਿੱਚ ਦਾਖ਼ਲ ਹੋਣ ਲਈ ਤਿਆਰ ਹਨ ।

ਇਕ ਥਾਂ ਅਫਰੀਕਾ ਵਿੱਚ ਸਾਡਾ ਬੁਕਸਟਾਲ ਲਾਇਆ ਗਿਆ ਕੁਰਆਨ ਕਰੀਮ ਦੀ ਨੁਮਾਇਸ਼ ਸੀ । ਦੋ ਮੁਸਲਮਾਨ ਗਭਰੂ ਆਏ ਉਹਨਾਂ ਨੂੰ ਜੱਦ ਅਹਮਦੀਅਤ ਦਾ ਪਰੀਚੈ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਇਮਾਮ ਮਹਦੀ ਅਲੈਹਿ ਸਲਾਮ ਆ ਚੁਕੇ ਹਨ ਅਤੇ ਉਹਨਾਂ ਨੂੰ ਫ਼੍ਰੰਚ ਭਾਸ਼ਾ ਵਿੱਚ ਕਿਤਾਬ 'ਸਦਾਕਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ' ਪੜ੍ਹਨ ਲਈ ਦਿੱਤੀ ਗਈ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੀ ਅੰਤਮ ਜੁੱਗ ਬਾਰੇ ਜੋ ਮੁਸਲਮਾਨਾਂ ਦੇ ਪਤਨ ਦੀ ਅਵਸਥਾ ਹਦੀਸਾਂ ਵਿੱਚ ਵਰਨਣ ਹੈ ਪੇਸ਼ ਕੀਤੀ ਗਈ, ਮਸੀਹ ਦੇ ਮੁੜ੍ਹ ਆਉਣ ਦੀ ਨਿਸ਼ਾਸੀਆਂ ਪੇਸ਼ ਕੀਤੀਆਂ ਗਈਆਂ । ਅਹਮਦੀ ਅਰਥਾਤ ਵਾਸਥਵਿਕ ਇਸਲਾਮ ਬਾਰੇ ਦੱਸਿਆ ਗਿਆ ਅਰਥਾਤ ਉਹ ਵਾਸਤਵਿਕ ਇਸਲਾਮ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਲਿਆਏ ਸਨ ਜਿਸ ਦੀ ਸ਼ਕਲ ਅੱਜ ਮੁਸਲਮਾਨਾਂ ਨੇ ਵਿਗਾੜ ਦਿੱਤੀ ਹੈ, ਕਿ ਇਸਲਾਮ ਕੀ ਹੈ ਜਿਸ ਵਿੱਚ ਮੁਹਬੱਤ ਪ੍ਰੇਮ ਤੇ ਅਮਨ ਦੀ ਸਿੱਖਿਆ ਹੈ । ਇਸ ਤੇ ਦੋਵੇਂ ਗਭਰੂ ਕਹਿਣ ਲੱਗੇ ਕਿ ਅਸੀਂ ਆਸਥਾ ਦੇ ਪੱਖੋਂ ਮੁਸਲਮਾਨ ਜ਼ਰੂਰ ਹਾਂ ਪਰ ਮੁਸਲਮਾਨਾਂ ਦੀ ਭੈੜੀ ਅਵਸਥਾ ਤੇ ਦਹਿਸ਼ਤ ਗਰਦੀ ਤੋਂ ਐਨ੍ਹੇ ਤੰਗ ਆ ਗਏ ਸੀ ਕਿ ਅਸੀਂ ਤਾਂ ਈਸਾਈ ਹੋਣ ਨੂੰ ਫਿਰਦੇ ਸੀ ਪਰ ਹੁਣ ਜਮਾਤ ਅਹਮਦੀਆ ਦੀਆਂ ਗੱਲਾਂ ਸੁਣ ਕੇ ਤਸੱਲੀ ਹੋਈ ਹੈ ਕਿ ਇਸਲਾਮ ਅਜਿਹਾ ਧਰਮ ਨਹੀਂ ਹੈ ਜਿਵੇਂ ਕਿ ਮੁਲੱਾਂ ਲੋਕ ਪੇਸ਼ ਕਰਦੇ ਹਨ, ਉਹਨਾਂ ਨੇ ਸਾਡਾ ਧੰਨਵਾਦ ਕੀਤਾ ਕਿ ਆਪ ਨੇ ਸਾਨੂੰ ਈਸਾਈ ਹੋਣ ਤੋਂ ਬਚਾ ਲਿਆ, ਇਸਲਾਮ ਛਡੱਣ ਤੋਂ ਬਚਾ ਲਿਆ ।

ਗ਼ੈਰ ਮੁਸਲਮਾਨਾ ਦੇ ਮਨਾਂ ਵਿੱਚ ਵੀ ਵਾਸਤਵਿਕ ਇਸਲਾਮ ਨੂੰ ਦੇਖ ਕੇ ਇਸ ਸੰਦੇਸ਼ ਨੂੰ ਫ਼ੈਲਾਉਣ ਦਾ ਸ਼ੌਕ ਪੈਦਾ ਹੁੰਦਾ ਹੈ ਉਹ ਵੀ ਸਾਡਾ ਸਾਥ ਦੇਣ ਲੱਗ ਪਏ ਹਨ ਜਾਪਾਨ ਦੇ ਇਕ ਮੁਬਲੱਗ਼ ਲਿਖੱਦੇ ਹਨ ਕਿ ਇਕ ਬੁੱਧਿਸਟ ਜਾਪਾਨੀ ਸਾਡੇ ਸਟਾਲ ਉਪੱਰ ਆਏ ਜੱਦ ਉਹਨਾਂ ਨੂੰ ਇਸਲਾਮ ਦਾ ਪਰੀਚੈ ਕਰਵਾਇਆ ਗਿਆ ਅਤੇ ਹੋਰਨਾ ਧਰਮਾ ਬਾਰੇ ਇਸਲਾਮੀ ਸਿੱਖਿਆ ਦੇ ਨਮੂਨੇ ਕੁਰਆਨ ਕਰੀਮ ਦੀਆਂ ਆਇਤਾਂ ਵਿਚੋਂ ਦਿਖਾਏ ਗਏ ਤਾਂ ਉਹਨਾਂ ਨੇ ਨ ਕੇਵਲ ਸਾਡਾ ਧੰਨਵਾਦ ਕੀਤਾ ਸਗੋਂ ਕਹਿਣ ਲੱਗੇ ਇਕ ਸੁੰਦਰ ਸਿੱਖਿਆ ਇਸ ਯੋਗ ਹੈ ਕਿ ਦੁਨੀਆ ਨੂੰ ਦੱਸੀ ਜਾਵੇ ਅਤੇ ਇਸਲਾਮ ਬਾਰੇ ਗ਼ਲਤਫਹਿਮੀਆਂ (ਭੁਲੇਖਿਆਂ) ਨੂੰ ਦੂਰ ਕੀਤਾ ਜਾਵੇ । ਸੋ, ਉਹ ਇਕ ਦਿਨ ਸਾਡੇ ਸਟਾਲ ਉਪੱਰ ਆਏ ਅਤੇ ਸਵੇਰੇ ਦੱਸ ਵਜੇ ਤੋਂ ਸ਼ਾਮ ਚਾਰ ਵਜੇ ਤੱਕ ਉਂਚੀ ਅਵਾਜ਼ ਨਾਲ ਬੁੱਧਿਸਟ ਹੁੰਦਿਆਂ ਹੋਇਆ ਵੀ ਉਚੀ ਅਵਾਜ਼ ਨਾਲ ਐਲਾਨ ਕਰਦੇ ਰਹੇ ਕਿ ਇਸਲਾਮ ਅਮਨ ਦਾ ਧਰਮ ਹੈ ਅਤੇ ਫ਼ੋਲਡਰ ਵੰਡਦੇ ਰਹੇ ।

ਇਸੇ ਪ੍ਰਕਾਰ ਭਾਰਤ ਵਿੱਚ ਕਰਨਾਟਕ ਪ੍ਰਾਂਤ ਵਿੱਚ ਇਕ ਥਾਂ ਹੈ ਗਦਗ ਜਿੱਥੇ ਬੁਕਸਟਾਲ ਲਗਾਇਆ ਗਿਆ । ਇਸ ਬੁਕਸਟਾਲ ਵਿੱਚ ਇਕ ਗ਼ੈਰ ਮੁਸਲਿਮ ਸਜੱਣ ਆਏ ਅਤੇ ਬਾਦ ਵਿੱਚ ਕਹਿਣ ਲੱਗੇ ਕਿ ਅਸੀਂ ਇਸ ਤੋਂ ਪਹਿਲਾਂ ਅਨੇਕਾਂ ਹੀ ਬੁਕਸਟਾਲ ਦੇਖੇ ਹਨ ਪਰ ਅਮਨ ਤੇ ਸਾਂਤੀ ਦਾ ਸੰਦੇਸ਼ ਦੇਣ ਵਾਲੇ ਅਤੇ ਇਸਲਾਮ ਦੀ ਸੁੰਦਰ ਸਿੱਖਿਆ ਲੋਕਾਂ ਤੱਕ ਪਹੁੰਚਾਉਣ ਵਾਲੇ ਅਜਿਹੇ ਲੋਕ ਮੈਂ ਅੱਜ ਤੱਕ ਨਹੀਂ ਦੇਖੇ । ਉਹ ਬਹੁਤ ਪ੍ਰਭਾਵਤ ਹੋਏ ਅਤੇ ਸਾਡੇ ਇਸ ਬੁਕਸਟਾਲ ਤੋਂ ਬਹੁਤ ਸਾਰੀਆਂ ਕਿਤਾਬਾਂ ਖਰੀਦ ਕੇ ਲੈ ਗਏ ।

ਲਗਜ਼ਮਬਰਗ ਇਕ ਸ਼ਹਿਰ ਵਿੱਚ ਨੁਮਾਇਸ਼ ਦੇ ਮੌਕੇ'ਤੇ ਜਮਾਤ ਅਮਹਦੀਆ ਵੱਲੋਂ ਬੁਕਸਟਾਲ ਲਾਇਆ ਗਿਆ । ਨੁਮਾਇਸ਼ ਸਮੇਂ ਸ਼ਹਿਰ ਦੇ ਮੇਅਰ ਵੀ ਸਟੈਂਡ ਉਪੱਰ ਆਏ ਅਤੇ ਵੱਖ ਵੱਖ ਕਿਤਾਬਾ ਦੇਖੀਆਂ । ਇਸ ਦੇ ਬਾਦ ਲਗਜ਼ਮਬਰਗ

ਜਮਾਤ ਦੇ ਪ੍ਰਧਾਨ ਨੇ ਉਹਨਾਂ ਨੂੰ ਜਮਾਤ ਦਾ ਸੰਖੇਪ ਜਿਹਾ ਪਰੀਚੈ ਕਰਾਇਆ ਅਤੇ ਉਹਨਾਂ ਨੂੰ ਇਕ ਕਿਤਾਬ ਉਪਹਾਰ ਵੱਜੋਂ ਵੀ ਦਿੱਤੀ । ਇਸ'ਤੇ ਮੇਅਰ ਨੇ ਕਿਹਾ ਕਿ ਆਪ ਦੀ ਕਮਿਊਨਿਟੀ ਬਹੁਤ ਚੰਗਾ ਕੰਮ ਕਰ ਰਹੀ ਹੈ ਆਪ ਨੂੰ ਚਾਹੀਦਾ ਹੈ ਕਿ ਇਸਲਾਮ ਦੀ ਇਸ ਸੁੰਦਰ ਸਿੱਖਿਆ ਨੂੰ ਛੇਤੀ ਤੋਂ ਛੇਤੀ ਦੁਨੀਆ ਵਿੱਚ ਪਸਾਰੋ ।

ਇਕ ਮਨੋ ਟੁੱਟੇ ਹੋਏ ਮੁਸਲਮਾਨ ਦੀ ਘਟਨਾ ਪੇਸ਼ ਕਰਦਾ ਹਾਂ । ਅਮੀਰ ਸਾਹਬ ਹਾਲੈਂਡ ਨੇ ਲਿੱਖਿਆ ਕਿ ਹਾਲੈਂਡ ਦੇ ਇਕ ਡੱਚ ਮੁਸਲਮਾਨ ਬਿਲਾਲ ਸਾਹਬ ਮੁਸਲਮਾਨਾਂ ਦੀ ਮਾੜ੍ਹੀ ਅਵਸਥਾ ਦੇਖ ਕੇ ਬਹੁਤ ਮਨੋਂ ਟੁੱਟੇ ਹੋਏ ਸਨ ਕਹਿੰਦੇ ਹਨ ਕਿ ਮੈਂ ਜਮਾਤ ਦੀ ਸਿੱਖਿਆ ਤੋਂ ਬਹੁਤ ਪ੍ਰਭਾਵਤ ਹੋਇਆ ਹਾਂ । ਰੱਬ ਨੇ ਮੇਰੇ ਉਪੱਰ ਅਹਮਦੀਅਤ ਦੀ ਸਚੱਾਈ ਪ੍ਰਕਟ ਕੀਤੀ ਅਤੇ ਮੈਨੂੰ ਬੈਅਤ ਕਰਨ ਦੀ ਤੌਫ਼ੀਕ ਮਿਲੀ । ਹੁਣ ਮੈਂ ਜਮਾਤੀ ਪ੍ਰੋਗਰਾਮਾ ਵਿੱਚ ਸ਼ਾਮਲ ਹੁੰਦਾ ਹਾਂ ਅਤੇ ਆਤਮਕ ਰੂਪ ਵਿੱਚ ਤਰੱਕੀ ਅਨੁਭਵ ਕਰਦਾ ਹਾਂ ਜੋ ਪਹਿਲਾਂ ਬੇਚੈਨੀ ਸੀ ਉਹ ਖ਼ਤਮ ਹੋ ਰਹੀ ਹੈ ।

ਫਿਰ ਕੁਰਆਨ ਕਰੀਮ ਦੀ ਸਿੱਖਆ ਦਾ ਗ਼ੈਰਾਂ ਉਪੱਰ ਕਿਵੇਂ ਪ੍ਰਭਾਵ ਹੁੰਦਾ ਹੈ ਇਹ ਵੀ ਕੈਨਾਡਾ ਤੋਂ ਸਾਡੇ ਇਕ ਮਿਤੱਰ ਲਿਖੱਦੇ ਹਨ ਕਿ ਅਸੀਂ ਇਕ ਪ੍ਰਚਾਰਕ ਬੁਕਸਟਾਲ ਲਾਇਆ ਇਕ ਅੰਗ੍ਰੇਜ਼ ਪਤੀ ਪਤਨੀ ਸਾਡੇ ਬੁਕਸਟਾਲ ਉਪੱਰ ਆਏ, ਪਤਨੀ ਬਹੁਤ ਹੀ ਕਟੱੜ ਈਸਾਈ ਸੀ, ਉਹ ਇਸ ਗੱਲ'ਤੇ ਹੱਠੀ ਸੀ ਕਿ ਕੁਰਆਨ ਕਰੀਮ ਨਹੀਂ ਖ਼ਰੀਦਣਾ ਪਤੀ ਨੂੰ ਕਹਿੰਦੀ ਰਹੀ । ਉਹ ਸਾਹਬ ਕਹਿਣ ਲੱਗੇ ਕਿ ਕੁਰਆਨ ਕਰੀਮ ਦੀ ਕੋਈ ਅਜਿਹੀ ਗੱਲ ਦੱਸੋ ਕਿ ਉਹ ਕੁਰਆਨ ਕਰੀਮ ਖ਼ਰੀਦਣ ਲਈ ਤਿਆਰ ਹੋ ਜਾਏ । ਉਹ ਕਹਿੰਦੇ ਹਨ ਕਿ ਮੈਂ ਉਹਨਾਂ ਨੂੰ ਕਿਹਾ ਕਿ ਕੁਰਆਨ ਕਰੀਮ ਦੀ ਇਕ ਸੂਰਤ ਹੈ ਜਿਸ ਵਿੱਚ ਹਜ਼ਰਤ ਈਸਾ ਅਲੈਹਿ ਸਲਾਮ ਅਤੇ ਉਹਨਾਂ ਦੀ ਮਾਂ ਹਜ਼ਰਤ ਮਰੱਯਮ ਅਲੈਹਾਸਲਾਮ ਦਾ ਵਰਨਣ ਹੈ । ਇਹਨਾਂ ਬਾਰੇ ਅਜਿਹਾ ਵਿਸਥਾਰ ਹੈ ਜੋ ਬਾਈਬਲ ਵਿਚ ਨਹੀਂ ਮਿਲੇਗਾ ਅਤੇ ਉਹ ਥਾਂ ਕੱਢ ਕੇ ਉਹਨਾਂ ਦੇ ਸਾਹਮਣੇ ਰੱਖ ਦਿੱਤੀ । ਅਨੁਵਾਦ ਸੀ ਉਹਨਾਂ ਦੀ ਪਤਨੀ ਪੜ੍ਹਨ ਲੱਗੀ । ਕੁਝ ਦੇਰ ਪੜ੍ਹਨ ਦੇ ਬਾਦ ਕਹਿਣ ਲਗੀ ਕਿ ਵਾਸਤਵ ਵਿੱਚ ਇਹ ਬਹੁਤ ਮਨਭਾਉਂਦੀ ਕਿਤਾਬ ਹੈ, ਅਸੀਂ ਤਾਂ ਪ੍ਰੈਸ ਵਿੱਚ ਪੜ੍ਹਿਆ ਸੀ ਅਰਥਾਤ ਮੀਡੀਆ ਨੇ ਸਾਨੂੰ ਦੱਸਿਆ ਸੀ ਅਖ਼ਬਾਰਾ ਨੇ ਸਾਨੂੰ ਇਹ ਦੱਸਿਆ ਹੋਇਆ ਹੈ ਕਿ ਕੁਰਆਨ ਕਰੀਮ ਘ੍ਰਿਣਾ ਨਾਲ ਭਰਿਆ ਹੋਇਆ ਹੈ, ਪਰ ਇਸ ਵਿੱਚ ਤਾਂ ਹਜ਼ਰਤ ਈਸਾ ਅਲੈਹਿ ਸਲਾਮ ਅਤੇ ਉਹਨਾਂ ਦੀ ਮਾਂ ਦਾ ਬਹੁਤ ਹੀ ਸਨੇਹ ਭਰਿਆ ਵਰਨਣ ਕੀਤਾ ਗਿਆ ਹੈ, ਸੋ, ਉਹਨਾਂ ਨੇ ਕੁਰਆਨ ਕਰੀਮ ਖ਼ਰੀਦ ਲਿਆ । ਕੁਝ ਹਫ਼ਤਿਆ ਬਾਦ ਉਹ ਮੁੜ੍ਹ ਸਟਾਲ ਲਾਗਿਓਂ ਲੰਘੇ ਤਾਂ ਧੰਨਵਾਦ ਕਰਦੇ ਹੋਏ ਕਹਿਣ ਲੱਗੇ ਕਿ ਅਸੀਂ ਕੁਰਆਨ ਕਰੀਮ ਪੜ੍ਹਿਆ ਹੈ, ਮੀਡੀਆ ਵਿੱਚ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਬਾਰੇ ਜੋ ਨਫ਼ਰਤ ਫੈਲਾਈ ਜਾ ਰਹੀ ਹੈ ਜੇਕਰ ਕੋਈ ਕੁਰਆਨ ਕਰੀਮ ਪੜ੍ਹੇ ਜਾਂ ਇਸ'ਤੇ ਓਪਰੀ ਨਿਗਾਹ ਮਾਰੇ ਤਾਂ ਉਸ ਦੀਆਂ ਸਾਰੀਆਂ ਗਲਤਫ਼ਹਿਮੀਆਂ ਦੂਰ ਹੋ ਜਾਂਦੀਆਂ ਹਨ ।

ਬੈਨਨ ਵਿੱਚ ਇਕ ਬੁਕਸਟਾਲ ਮੌਕੇ'ਤੇ ਸਰਕਾਰੀ ਸਕੂਲ ਦੇ ਟੀਚਰ ਆਏ ਅਤੇ ਜਮਾਤ ਅਹਮਦੀਆ ਦੀ ਪ੍ਰੇਮ ਅਤੇ ਅਮਨ ਦੀ ਸਿੱਖਿਆ ਪੜ੍ਹੀ ਤਾਂ ਕਹਿਣ ਲੱਗੇ ਮੈਨੂੰ ਆਪਣੇ ਵਿਦਿਆਰਥੀਆਂ ਲਈ ਵੀ ਲਿਟ੍ਰੇਚਰ ਦਿਓ । ਮੇਰੀ ਇਛੱਾ ਹੈ ਕਿ ਉਹ ਵੀ ਇਸ ਲਿਟ੍ਰੇਚਰ ਦਾ ਅਧਿਐਨ ਕਰਨ ਅਤੇ ਸਮਾਜ ਸ਼ਾਂਤੀ ਤੇ ਪ੍ਰੇਮ ਨਾਲ ਭਰ ਜਾਵੇ । ਨੇਕ ਸੁਭਾਵੀ ਮੁਸਲਮਾਨਾਂ ਉਪਰ ਵੀ ਜਮਾਤ ਅਹਮਦੀਆ ਦੇ ਨਿਜ਼ਾਮ (ਵਿਵਸਥਾ) ਨੂੰ ਦੇਖ ਕੇ ਜੋ ਕਿ ਐਨ ਇਸਲਾਮੀ ਵਿਵਸਥਾ ਹੈ, ਪ੍ਰਭਾਵ ਹੁੰਦਾ ਹੈ ਅਤੇ ਫਿਰ ਇਹੋ ਗੱਲ ਉਹਨਾਂ ਲਈ ਸੁਮਾਰਗ ਦਾ ਸਬਬ ਬਣਦੀ ਹੈ । ਬੁਰਕੀਨਾ ਫਾਸੋ ਦੇ ਮੁਰੱਬੀ ਸਾਹਬ ਕਹਿੰਦੇ ਹਨ ਕਿ ਇਕ ਥਾਂ ਹੈ ਸਲਾਗੋਗੋ ਓਥੇ ਪ੍ਰਚਾਰ ਲਈ ਗਏ ਤਾਂ ਸਾਰੇ ਪੁਰੁਸ਼ ਇਸਤਰੀਆਂ ਪ੍ਰਚਾਰ ਸੁਨਣ ਲਈ ਇਕਤੱਰ ਹੋ ਗਏ । ਕਹਿੰਦੇ ਹਨ ਕਿ ਇਕ ਮਿਤੱਰ ਜ਼ਕਰੀਆ ਸਾਹਬ ਆਏ ਅਤੇ ਕਹਿਣ ਲੱਗੇ ਕਿ ਕੁਝ ਸਮਾਂ ਪਹਿਲਾਂ ਮੈਂ ਇਕ ਸੁਪਨਾ ਦੇਖਿਆ ਸੀ ਕਿ ਮੈਂ ਚੰਦਾ ਦੇ ਰਿਹਾ ਹਾਂ ਅਤੇ ਇਕ ਆਵਾਜ਼ ਆਉਂਦੀ ਹੈ ਕਿ ਇਹ ਚੰਦਾ ਅਜਿਹੇ ਇਸਲਾਮੀ ਗੁਰੁਪ ਨੂੰ ਦਿਓ ਜਿਸ ਦਾ ਇਕ 'ਬੈਅਤੁਲ ਮਾਲ' (ਖ਼ਜ਼ਾਨਾ, ਖਾਤਾ) ਹੋਵੇ । ਮੈਂ ਵਾਹਵਾ ਚਿਰ ਤੋਂ ਇਹ ਇਸਲਾਮੀ ਗੁਰੁਪ ਢੂੰਡ ਰਿਹਾ ਸੀ ਪਰ ਜੱਦ ਮੁਰੱਬੀ ਸਾਹਬ ਨੇ ਜਮਾਤ ਦੀ ਆਰਥਕ ਵਿਸਥਾ ਬਾਰੇ ਦੱਸਿਆ ਤਾਂ ਮੈਨੂੰ ਇਹਨਾ ਸ਼ਬਦਾ ਦੇ ਅਰਥ ਮਿਲ ਗਏ ਜੋ ਮੈਂ ਸੁਪਨੇ ਵਿੱਚ ਸੁਣੇ ਸਨ । ਸੋ, ਉਕਤ ਵਿਅਕਤੀ ਨੇ ਉਸੇ ਸਮੇਂ

ਦਸ ਹਜ਼ਾਰ ਫ੍ਰਾਂਕ ਸੇਫ਼ ਵਿੱਚੋਂ ਕੱਢ ਕੇ ਦੇ ਦਿੱਤੇ । ਜੱਦ ਲੋਕਾਂ ਨੇ ਇਸ ਸੁਪਨੇ ਬਾਰੇ ਸੁਣਿਆ ਅਤੇ ਇਹ ਵੀ ਦੇਖਿਆ ਕਿ ਚੰਦੇ ਦੀ ਬਕਾਇਦਾ ਰਸੀਦ ਬੁਕ ਹੁੰਦੀ ਹੈ ਜਿਸ ਦਾ ਸਾਰਾ ਵੇਰਵਾ ਰੱਖਿਆ ਜਾਂਦਾ ਹੈ ਤਾਂ ਬਹੁਤ ਪ੍ਰਭਾਵਤ ਹੋਏ । ਰੱਬ ਦੀ ਅਪਾਰ ਮਿਹਰ ਨਾਲ ਇਸ ਦੇ ਬਾਦ 282 ਵਿਅਕਤੀਆਂ ਨੇ ਬੈਅਤ ਕਰ ਲਈ ਅਤੇ ਇਹ ਸਾਰੇ ਲੋਕ ਜਮਾਤ ਦੇ ਚੰਦੇ ਦੀ ਵਿਵਸਥਾ ਵਿੱਚ ਸ਼ਾਮਲ ਹਨ ।

ਗੋਏਟੇ ਮਾਲਾ ਵਿੱਚ ਫਲਾਇਰ ਵੰਡ ਸਮੇਂ ਇਕ ਗਭਰੂ ਯੂਸੁਫ਼ ਨਾਲ ਰਾਬਤਾ ਹੋਇਆ ਮਿਸ਼ਨ ਹਾਉਸ ਆਏ, ਅਹਮਦੀਅਤ ਕੁਬੂਲ ਕੀਤੀ, ਉਹਨਾਂ ਨੇ ਕੁਝ ਸਮਾਂ ਪਹਿਲਾਂ ਇਸਲਾਮ ਪ੍ਰਵਾਨ ਕੀਤਾ ਸੀ । ਕਹਿੰਦੇ ਹਨ ਕਿ ਗ਼ੈਰ ਅਹਮਦੀ ਮਸਜਿਦ ਵਿੱਚ ਜਾਕੇ ਮਾਨਸਕ ਸ਼ਾਂਤੀ ਨਹੀਂ ਮਿਲੀ, ਲੋਕ ਆਪੋ ਵਿੱਚ ਇਕ ਦੂਜੇ ਨਾਲ ਕੀਨਾ ਸਾੜ੍ਹਾ ਤੇ ਵੈਰ ਰੱਖਦੇ ਹਨ । ਇਕ ਦਿਨ ਜੱਦ ਮੈਂ ਦੁਆ ਕਰਕੇ ਸੁੱਤਾ ਤਾਂ ਸੁਪਨੇ ਵਿੱਚ ਮੈਂ ਇਕ ਬਜ਼ੁਰਗ ਦੇਖੇ ਜੋ ਅਤਿਅੰਤ ਰੂਹਾਨੀ ਸ਼ਕਲ ਸੂਰਤ ਦੇ ਮਾਲਕ ਸਨ । ਇਕ ਮਾਰਗ ਹੈ ਜਿਸ'ਤੇ ਸੁਆਹ ਹੀ ਸੁਆਹ ਹੈ ਇਹ ਬਜ਼ੁਰਗ ਮੇਰੇ ਸਾਹਮਣੇ ਚਲੱਣ ਲੱਗ ਜਾਂਦੇ ਹਨ ਅਤੇ ਸੰਕੇਤ ਕਰਦੇ ਹਨ ਕਿ ਮੇਰੇ ਪਿੱਛੇ ਚੱਲੋ ਇਸ ਬਜ਼ੁਰਗ ਦੇ ਚਲੱਣ ਨਾਲ ਸੁਆਹ ਵਾਲਾ ਮਾਰਗ ਸਾਫ਼ ਹੁੰਦਾ ਜਾ ਰਿਹਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਦਿਖਾਈ ਗਈ ਤਾਂ ਉਹਨਾਂ ਨੇ ਕਿਹਾ ਕਿ ਇਹੋ ਬਜ਼ੁਰਗ ਸਨ ਜੋ ਉਹਨਾਂ ਨੂੰ ਸੁਪਨੇ ਵਿੱਚ ਮਾਰਗ ਦਿਖਾ ਰਹੇ ਸਨ ਅਤੇ ਰੱਬ ਦੀ ਮਿਹਰ ਨਾਲ ਇਸ ਗੱਲ ਨੇ ਉਹਨਾਂ ਨੂੰ ਈਮਾਨ ਵਿੱਚ ਹੋਰ ਵੀ ਮਜ਼ਬੂਤ ਕਰ ਦਿੱਤਾ ਹੈ ।

ਫ਼੍ਰਾਂਸ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਇਕ ਨਵੇਂ ਅਹਮਦੀ ਮਿੱਤਰ ਕਮਾਲ ਸਾਹਬ ਨੇ ਦੱਸਿਆ ਕਿ ਮੈਂ ਕਈ ਵਰ੍ਹਿਆਂ ਤੋਂ ਰਿਵਾਇਤੀ ਮੁਸਲਮਾਨ ਸੀ ਅਤੇ ਮੌਲਵੀਆਂ ਵੱਲੋਂ ਕੁਰਆਨ ਕਰੀਮ ਦੀਆਂ ਜੋ ਵਿਆਖਿਆਵਾਂ ਕੀਤੀਆਂ ਜਾਂਦੀਆਂ ਹਨ, ਉਹਨਾਂ ਤੋਂ ਸੰਤੋਖ ਨਹੀਂ ਸੀ ਕਹਿੰਦੇ ਹਨ ਕਿ ਉਹਨਾਂ ਦੇ ਭਣਵੱਈਏ ਨੇ ਉਹਨਾਂ ਤੋਂ ਜਮਾਤ ਅਹਮਦੀਆ ਬਾਰੇ ਚਰਚਾ ਕੀਤੀ ਅਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਦੀ ਵਿਆਖਿਆ ਪੜ੍ਹਨ ਨੂੰ ਕਿਹਾ । ਮੈਂ ਜੱਦ ਵਿਆਖਿਆ ਪੜ੍ਹੀ ਤਾਂ ਮੈਂ ਦੰਗ ਰਹਿ ਗਿਆ ਕਿ ਐਨ੍ਹੀ ਸਾਧਾਰਣ, ਸਾਦਾ ਤੇ ਸਾਫ਼ ਸੁਥਰੀ ਵਿਆਖਿਆ ਚੌਦਾਂ ਸੌ ਸਾਲ ਵਿੱਚ ਕਿਸੇ ਹੋਰ ਨੇ ਕਿਉਂ ਨਹੀਂ ਲਿਖੀ । ਇਸ ਦੇ ਬਾਦ ਐਮ.ਟੀ.ਏ. ਅਤੇ ਇੰਟਰਨੈਟ ਉਪੱਰ ਮੈਂ ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਅਨੇਕਾਂ ਹੀ ਕਿਤਾਬਾਂ ਪੜ੍ਹੀਆਂ ਅਤੇ ਕਈ ਪ੍ਰੋਗਰਾਮ ਦੇਖੇ । ਮੈਨੂੰ ਅਜਿਹਾ ਲੱਗਾ ਕਿ ਮੇਰੇ ਹੱਥ ਕੋਈ ਖ਼ਜ਼ਾਨਾ ਲੱਗ ਗਿਆ ਹੈ ਅਤੇ ਮੇਰੀ ਆਤਮਾ ਨੂੰ ਅਜ਼ਾਦੀ ਮਿਲ ਗਈ ਹੈ । ਮੇਰੇ ਸਾਰੇ ਭਰਮ ਤੇ ਸ਼ੰਕਾਵਾਂ ਦੂਰ ਹੋ ਗਏ ਅਤੇ ਵਾਸਤਵਿਕ ਇਸਲਾਮ ਨੂੰ ਜਾਣ ਲਿਆ ਅਤੇ ਬੈਅਤ ਕਰ ਲਈ ।

ਦੁਨੀਆ ਦੇ ਵੱਖ ਵੱਖ ਭਾਗਾ ਵਿੱਚ ਜਮਾਤ ਰਾਹੀਂ ਇਸਲਾਮ ਦਾ ਸੰਦੇਸ਼ ਪਹੁੰਚਦਾ ਹੈ ਜੋ ਪ੍ਰੇਮ, ਅਮਨ ਅਤੇ ਸਲਾਮਤੀ ਦਾ ਸੰਦੇਸ਼ ਹੈ, ਜਿਸ ਕਰਕੇ ਨੇਕ ਸੁਭਾਵੀ ਲੋਕ ਉਸ ਨੂੰ ਪਰਵਾਨ ਕਰਦੇ ਹਨ । ਮੁਬਲੱਗ ਇੰਚਾਰਜ ਗੋਏਟੇਮਾਲਾ ਲਿੱਖਦੇ ਹਨ ਕਿ ਲੀਫ਼ਲੈਟਸ ਵੰਡਣ ਕਰਕੇ 91 ਲੋਕਾਂ ਨੂੰ ਇਸਲਾਮ ਪਰਵਾਨ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਅਹਮਦੀਅਤ ਕੁਬੂਲ ਕਰਨ ਵਾਲਿਆ ਵਿੱਚ ਇਕ ਪਾਦਰੀ ਹਨ, ਜੋ 33 ਸਾਲ ਤੱਕ ਕੈਥੋਲਿਕ ਚਰਚ ਅਤੇ ਪੰਜ ਸਾਲ ਪ੍ਰੋਟੈਸਟੰਟ ਫਿਰਕੇ ਨਾਲ ਸੰਬੰਧਤ ਰਹੇ । ਇਸੇ ਪ੍ਰਕਾਰ ਇਕ ਹੋਰ ਸਾਹਬ ਹਨ ਜੋ ਮਿਉਨਿਸਪਲਟੀ ਵਿੱਚ ਜੱਜ ਦੇ ਰੂਪ ਵਿੱਚ ਕਰਤਵ ਨਿਭਾਉਂਦੇ ਹਨ ਡੋਮੰਗੋ ਸਾਹਬ, ਉਹਨਾਂ ਨੇ ਅਹਮਦੀਅਤ ਕੁਬੂਲ ਕਰਨ ਦੇ ਬਾਦ ਆਪਣੇ ਖੇਤਰ ਵਿੱਚ ਇਕ ਪ੍ਰਚਾਰਤ ਬੈਠਕ (ਸਭਾ) ਦਾ ਪ੍ਰਬੰਧ ਕੀਤਾ ਜਿਸ ਵਿੱਚ ਬਹੁਤ ਵਿਸਥਾਰ ਨਾਲ ਇਸਲਾਮੀ ਸਿੱਖਿਆ ਵਰਨਣ ਕੀਤੀ ਗਈ ਸੁਆਲ ਜਵਾਬ ਹੋਏ । ਕਹਿੰਦੇ ਹਨ ਕਿ ਇਹ ਸਭਾ ਸੱਤ ਘੰਟੇ ਚਲਦੀ ਰਹੀ । ਸਭਾ ਦੇ ਅੰਤ ਤੋਂ ਪਹਿਲਾਂ ਸਮੂਹ ਸਰੋਤਿਆਂ ਨੇ ਇਸਲਾਮ ਕੁਬੂਲ ਕਰਨ ਦਾ ਐਲਾਨ ਕੀਤਾ ਜਿੰਨ੍ਹਾ ਦੀ ਸੰਖਿਆ 89 ਸੀ । ਇਹਨਾਂ ਵਿੱਚ ਪੁਰਸ਼ ਤੇ ਇਸਤਰੀਆਂ ਸਭ ਸ਼ਾਮਲ ਸਨ ।

ਸੋ, ਇਹ ਪੌਦਾ ਇਸਲਾਮ ਦਾ ਪੌਦਾ ਹੈ, ਰੱਬ ਦਾ ਲਾਇਆ ਹੋਇਆ ਪੌਦਾ ਹੈ ਅਤੇ ਇਸ ਜੁੱਗ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਭਵਿੱਖਬਾਣੀ ਅਨੁਸਾਰ ਇਸ ਦੀ ਸਿੰਚਾਈ ਲਈ ਉਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਅ ਹੈ ਅਤੇ ਕਯਾਮਤ ਤੱਕ ਹਜ਼ਰਤ ਮੁਹਮੱਦ ਮੁਸਥਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਫ਼ੈਜ਼ ਤੋਂ ਲਾਭ

ਉਠਾਉਂਦਿਆਂ ਹੋਇਆਂ ਆਪ ਦੇ ਫ਼ੈਜ਼ ਦੇ ਤੁਫ਼ੈਲ ਰੱਬ ਇਸ ਨੂੰ ਪਾਣੀ ਪਹੁੰਚਾਉਂਦਾ ਰਹੇਗਾ । ਇੰਸ਼ਾਅਲੱਾਹ । ਅਤੇ ਇੰਸ਼ਾਅਲੱਾਹ ਸਦਾ ਹੀ ਇਹ ਪੌਦਾ ਹਰਿਆ ਭਰਿਆ ਰਹੇਗਾ । ਦੁਨੀਆ ਨੂੰ ਰੱਬ ਦੀ ਰਜ਼ਾ ਅਨੁਸਾਰ ਚਲਾਉਣ ਲਈ ਸਲਾਮਤੀ, ਅਮਨ ਤੇ ਪ੍ਰੇਮ ਖਿਲਾਰਨ ਲਈ ਹੁਣ ਇਹ ਕੁਝ ਗੱਲਾਂ ਮੈਂ ਪੇਸ਼ ਕੀਤੀਆਂ ਹਨ । ਹਜ਼ਾਰਾਂ ਹੀ ਘਟਨਾਵਾਂ ਹਨ ਜੋ ਸਾਡੇ ਈਮਾਨ ਨੂੰ ਪੱਕਿਆਈ ਦਿੰਦੀਆਂ ਹਨ ਸਾਹਮਣੇ ਆਉਦੀਆਂ ਰਹਿੰਦੀਆਂ ਹਨ । ਕਿਵੇਂ ਰੱਬ ਲੋਕਾਂ ਦੀਆਂ ਹਿੱਕਾਂ ਖੋਲਦਾ ਹੈ, ਕਿਵੇਂ ਗ਼ੈਰਾਂ ਦੇ ਮੂੰਹੋਂ ਸਾਡੇ ਹੱਕ ਵਿੱਚ ਗੱਲਾਂ ਕਢੱਵਾਉਂਦਾ ਹੈ, ਕੋਈ ਅਫਰੀਕਾ ਦਾ ਰਹਿਣ ਵਾਲਾ ਹੈ ਤੇ ਕੋਈ ਅਰਬ ਦੇਸ਼ ਦਾ, ਕੋਈ ਯੂਰੋਪ ਦਾ ਤੇ ਕੋਈ ਸਾਊਥ ਅਫਰੀਕਾ ਦਾ, ਪਰ ਸਾਰਿਆਂ ਉਪੱਰ ਪ੍ਰਭਾਵ ਇਕ ਸਮਾਨ ਹੈ । ਇਸ ਲਈ ਵਿਸ਼ਵਵਿਆਪੀ ਸਿੱਖਿਆ ਕੇਵਲ ਇਕ ਹੀ ਹੈ ਅਤੇ ਉਹ ਇਸਲਾਮ ਦੀ ਸਿੱਖਿਆ ਹੈ । ਹਰ ਇਕ ਨਿਆਏ ਪਸੰਦ ਭਾਵੇਂ ਉਹ ਤੁਰੰਤ ਰੂਪ ਵਿੱਚ ਇਸਲਾਮ ਪਰਵਾਨ ਕਰੇ ਜਾਂ ਨ ਕਰੇ ਪਰ ਇਹ ਗੱਲ ਕਹਿਣ ਲਈ ਮਜਬੂਰ ਹੈ ਕਿ ਦੁਨੀਆ ਦੀ ਸ਼ਾਂਤੀ ਲਈ ਇਸਲਾਮ ਹੀ ਜ਼ਮਾਨਤ ਹੈ । ਕੋਈ ਨਿਆਏ ਪਸੰਦ, ਸਵਾਰਥੀ ਲੀਡਰਾਂ ਜਾਂ ਮੌਕੇ ਦਾ ਲਾਭ ਉਠਾਉਣ ਵਾਲੇ ਸ਼ਰਾਤੀ ਅੰਸਰਾਂ ਦੇ ਅਮਲ ਨੂੰ ਇਸਲਾਮ ਦੀ ਸਿੱਖਿਆ ਦਾ ਹਿਸੱਾ ਨਹੀਂ ਮਨ੍ਹਦਾ, ਉਂਹੋ ਉਸ ਨੂੰ ਕਹੇਗਾ ਜਿਸ ਵਿੱਚ ਇੰਸਾਫ਼ ਨਹੀਂ ਹੈ । ਇਸਲਾਮ ਵਿਰੋਧੀ ਸ਼ਕਤੀਆਂ ਭਾਵੇਂ ਜਿੰਨ੍ਹਾ ਵੀ ਇਸਲਾਮ ਪ੍ਰਤੀ ਵਿਰੋਧੀ ਪ੍ਰਾਪੇਗੰਡਾ ਕਰਨ ਪਰ ਇਸਲਾਮ ਨੇ ਹੀ ਦੁਨੀਆ ਨੂੰ ਰੱਬ ਦੀ ਨੇੜਤਾ ਦੇ ਮਾਰਗ ਨੂੰ ਦਿਖਾਉਂਣਾ ਹੈ ਅਤੇ ਅਮਨ, ਸਲਾਮਤੀ ਤੇ ਪ੍ਰੇਮ ਪ੍ਰਦਾਨ ਕਰਨਾ ਹੈ, ਅੱਜ ਨਹੀਂ ਤਾਂ ਕੱਲ ਦੁਨੀਆ ਨੂੰ ਇਹ ਸਵੀਕਾਰ ਕਰਨਾ ਪਏਗਾ ਕਿ ਇਸਲਾਮ ਹੀ ਦੁਨੀਆ ਦੇ ਅਮਨ, ਸਮਲਾਤੀ ਤੇ ਪ੍ਰੇਮ ਦਾ ਜ਼ਮਾਨਤੀ ਹੈ ।

ਅਲੱਾਹ ਤਆਲਾ ਸਾਨੂੰ ਵੀ ਤੌਫ਼ੀਕ ਦੇਵੇ ਕਿ ਇਸ ਸਫ਼ਲਤਾ ਦੇ ਭਾਗੀਦਾਰ ਬਣਨ ਵਾਲੇ ਹੋਈਏ ਅਤੇ ਰੱਬ ਦੀਆਂ ਮਿਹਰਾਂ ਨੂੰ ਕਈ ਗੁਣਾ ਵੱਧਿਆ ਹੋਇਆ ਦੇਖਣ ਵਾਲੇ ਹੋਈਏ ਅਤੇ ਆਪਣੇ ਅਮਲਾਂ (ਕਰਮਾ) ਨੂੰ ਇਸਲਾਮ ਦੀ ਸਿੱਖਿਆ ਅਨੁਸਾਰ ਢਾਲਣ ਵਾਲੇ ਹੋਈਏ । ਆਮੀਨ ।


**Khulasa Khutba 11.09.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131